# ਸਾਂਝ

ਇਹ ਕਹਾਣੀ ਇੱਕ ਅਜਿਹੇ ਸਰਦਾਰ ਦੀ ਹੈ, ਜਿਸ ਕੋਲ ਕੋਠੀ, ਕਾਰ, ਮੱਝਾਂ ਤੇ ਘੋੜੀਆਂ ਹਨ। ਉਹ ਦੁੱਖ ਵਿੱਚ ਡਰਦਾ ਨਹੀਂ ਸਗੋਂ ਦੂਜਿਆ ਨੂੰ ਹੌਂਸਲਾ ਦਿੰਦਾ ਹੈ। ਪਰ ਜਵਾਈ ਦੀ ਮੌਤ ਵੇਲੇ ਇੱਕ ਛੋਟੀ ਜਾਤ ਦੇ ਆਦਮੀ ਨਾਲ ਪਈ ਸਾਂਝ, ਉਸਦੇ ਦੁੱਖ ਨੂੰ ਗਹਿਰਾ ਕਰ ਦਿੰਦੀ ਹੈ ਅਤੇ ਉਹ ਭੁੱਬਾ ਮਾਰ ਕੇ ਰੋਣ ਲੱਗ ਪੈਂਦਾ ਹੈ। ਇਹ ਕਹਾਣੀ ਲੇਖਕ ਦੇ ਜੀਵਨ ਅਨੁਭਵ ਵਿੱਚੋਂ ਲਿਖੀ ਗਈ ਹੈ। ਇਸ ਕਹਾਣੀ ਵਿੱਚ ਵੱਡੇ ਸਰਦਾਰ ਦਾ ਜਵਾਈ ਕਾਰ ਐਕਸੀਡੈਂਟ ਵਿੱਚ ਮਰ ਜਾਂਦਾ ਹੈ। ਸਰਦਾਰ ਦਾ ਸਾਰਾ ਟੱਬਰ ਉੱਥੇ ਪਹੁੰਚਦਾ ਹੈ। ਲੇਖਕ ਜੋ ਕੀ ਨਵਾਂ ਨਵਾਂ ਪਟਿਆਲੇ ਆਇਆ ਸੀ। ਉਹ ਸਰਦਾਰ ਦੀ ਕੋਠੀ ਦੇ ਉਗਰ ਵਾਲੇ ਮੁੱਹਲੇ ਵਿੱਚ ਰਹਿੰਦਾ ਸੀ। ਕੁਝ ਦਿਨ ਪਿੱਛੋ ਸਰਦਾਰ ਘਰ ਵਾਪਸ ਆਉਂਦਾ ਹੈ ਤਾਂ ਲੋਕ ਉਸ ਕੋਲ ਅਫ਼ਸੋਸ ਕਰਨ ਜਾਂਦੇ ਹਨ। ਨੇੜੇ ਦੇ ਰਿਸ਼ਤੇਦਾਰ ਅਤੇ ਦੋਸਤ ਰੋਂਦੇ ਆਉਂਦੇ ਤਾਂ ਸਰਦਾਰ ਉਹਨਾਂ ਨੂੰ ਚੁੱਪ ਕਰਾਉਂਦਾ, ਸਰਦਾਰ ਆਪ ਨਹੀਂ ਰੋਂਦਾ ਹੈ। ਲੋਕ ਸੋਚਦੇ ਕੇ ਵੱਡੇ ਹੌਂਸਲੇ ਵਾਲਾ ਹੈ। ਤਿੰਨ-ਚਾਰ ਦਿਨਾਂ ਬਾਅਦ ਲੇਖਕ ਸਰਦਾਰ ਦੇ ਘਰ ਜਾਂਦਾ ਹੈ। ਹੋਰ ਵੀ ਲੋਕ ਸਰਦਾਰ ਦੇ ਘਰ ਜਾਂਦੇ ਹਨ ਤੇ ਸਰਦਾਰ ਨੂੰ ਪੁੱਛਦੇ ਹਨ। ਦੁਰਘਟਨਾਂ ਕਿਵੇਂ ਹੋਈ, ਕਿੱਥੇ ਹੋਈ, ਕਿੰਨੇ ਬੱਚੇ ਹਨ। ਲੇਖਕ ਦੇਖਦਾ ਹੈ ਕਿ ਖੇਸਾਂ ਉੱਤੇ ਬੈਠੇ ਬੰਦੇ ਕੋਈ ਗੱਲ ਨਹੀਂ ਕਰ ਰਹੇ ਸਨ। ਕੋਈ ਉਹਨਾਂ ਵੱਲ ਵੇਖ ਵੀਂ ਨਹੀਂ ਰਿਹਾ ਸੀ ਕਿਉਂਕਿ ਉਹ ਗਰੀਬ ਸਨ। ਫਿਰ ਉਹਨਾਂ ਵਿੱਚੋਂ ਇੱਕ ਬਜ਼ੁਰਗ ਆਦਮੀ ਸਰਦਾਰ ਨੂੰ ਕਹਿੰਦਾ ਹੈ ਕਿ ਜਦੋਂ ਇਹ ਨਿੱਕੇ ਨਿੱਕੇ ਬੱਚੇ ਤੁਹਾਡੇ ਸਾਹਮਣੇ ਆਇਆ ਕਰਨਗੇ ਤਾਂ ਤੁਹਾਡਾ ਮਨ ਭਰ ਆਇਆ ਕਰਨਾ ਹੈ। ਮੇਰਾ ਵੀ ਜਵਾਈ ਨਿੱਕੇ ਨਿੱਕੇ ਬੱਚੇ ਛੱਡ ਕੇ ਮਰ ਗਿਆ ਸੀ। ਇਹ ਸੁਣ ਕੇ ਸਰਦਾਰ ਦੋਵੇਂ ਹੱਥ ਉਸਦੇ ਮੋਢਿਆ ਤੇ ਰੱਖ ਕੇ ਭੁੱਬਾ ਮਾਰ ਕੇ ਰੋਣ ਲੱਗ ਪੈਂਦਾ ਹੈ।